# ਮੌਕਿਆਂ ਦੀ ਉਸਾਰੀ, ਸੁਰੱਖਿਆ ਸਾਡੇ ਭਵਿੱਖ ਦੀ

2014 ਓਨਟੇਰੀਓ ਬਜਟ

Ontario

# 2014 ਦਾ ਓਨਟੇਰੀਓ ਬਜਟ

## ਮਜ਼ਬੂਤ ਓਨਟੇਰੀਓ ਲਈ ਯੋਜਨਾ ਪੇਸ਼ ਕਰਦਾ ਹੈ, ਜਿਸ ਵਿੱਚ

**ਜ਼ਿਆਦਾ ਨੌਕਰੀਆਂ**

**ਜ਼ਿਆਦਾ ਮੌਕੇ ਅਤੇ**

**ਜ਼ਿਆਦਾ ਸੁਰੱਖਿਅਤ ਭਵਿੱਖ ਹੈ**



ਇਹ ਯੋਜਨਾ ਨਵੀਂਆਂ ਨੌਕਰੀਆਂ ਪੈਦਾ ਕਰੇਗੀ ਅਤੇ ਲੋਕਾਂ ਵਿੱਚ ਨਿਵੇਸ਼ ਕਰਕੇ, ਆਧੁਨਿਕ ਬੁਨਿਆਦੀ ਢਾਂਚੇ ਦੀ ਉਸਾਰੀ ਕਰਕੇ ਅਤੇ ਕ੍ਰਿਆਸ਼ੀਲ ਅਤੇ ਨਵੀਨਤਮ ਕਾਰੋਬਾਰੀ ਮਾਹੌਲ ਦੀ ਹਿਮਾਇਤ ਕਰਕੇ ਆਰਥਿਕਤਾ ਨੂੰ ਅੱਗੇ ਵਧਾਏਗੀ।

2013-14 ਲਈ ਘਾਟਾ ਹੁਣ ਅੰਦਾਜ਼ਨ $11.3 ਬਿਲੀਅਨ ਹੈ - 2013 ਦੇ ਬਜਟ ਦੀ ਪੇਸ਼ੀਨਗੋਈ ਦੇ ਮੁਕਾਬਲੇ $0.4 ਬਿਲੀਅਨ ਦਾ ਸੁਧਾਰ ਹੈ। ਇਸ ਵਾਰ ਇਹ ਲਗਾਤਾਰ ਪੰਜਵਾਂ ਸਾਲ ਹੈ ਜਦੋਂ ਸੂਬੇ ਨੇ ਪੇਸ਼ੀਨਗੋਈ ਕੀਤੇ ਘਾਟੇ ਤੋਂ ਘੱਟ ਘਾਟਾ ਦਸਿਆ ਹੈ। ਸਰਕਾਰ ਇਸ ਗੱਲ ਲਈ ਹੁਣ ਵੀ ਵਚਨਬੱਧ ਹੈ ਕਿ 2017-18 ਤਕ ਬਜਟ ਨੂੰ ਸੰਤੁਲਤ ਬਣਾ ਲਿਆ ਜਾਏਗਾ।

ਓਨਟੇਰੀਓ ਦਾ 2014 ਦਾ ਬਜਟ ਓਨਟੇਰੀਓ ਦੇ ਲੋਕਾਂ ਵਲੋਂ, ਓਨਟੇਰੀਓ ਦੇ ਲੋਕਾਂ ਲਈ ਤਿਆਰ ਕੀਤਾ ਗਿਆ ਬਜਟ ਹੈ।

# ਨਵੀਆਂ ਨੌਕਰੀਆਂ ਪੈਦਾ ਕਰਨਾ



10-ਸਾਲਾ ਆਰਥਿਕ ਯੋਜਨਾ ਓਨਟੇਰੀਓ ਨੂੰ ਅਜਿਹੇ ਸਾਧਨ ਪ੍ਰਦਾਨ ਕਰਦੀ ਹੈ ਜਿਨ੍ਹਾਂ ਦੀ ਮਦਦ ਨਾਲ ਓਨਟੇਰੀਓ ਵਾਸੀਆਂ ਲਈ ਨਵੇਂ ਕੈਰੀਅਰ ਅਤੇ ਉੱਚੇਰੀ ਤਨਖ਼ਾਹ ਵਾਲੀਆਂ ਨੌਕਰੀਆਂ ਮੁਹੱਈਆ ਕਰਕੇ ਇਹ ਸੂਬਾ ਵਿਸ਼ਵਵਿਆਪੀ ਪਾਵਰਹਾਉਸ ਬਣ ਸਕੇਗਾ, ਸਮੇਤ:

- 10-ਸਾਲਾ ਲਈ ਇੱਕ ਨਵਾਂ $2.5 ਬਿਲੀਅਨ ਦਾ ਨੌਕਰੀਆਂ ਅਤੇ ਖੁਸ਼ਹਾਲੀ ਫੰਡ (Jobs and Prosperity Fund) ਕਾਇਮ ਕਰਕੇ ਕਾਰੋਬਾਰਾਂ ਦੇ ਨਾਲ ਭਾਈਵਾਲੀ ਕਰਨੀ ਤਾਂ ਜੋ ਨਿਵੇਸ਼ ਨੂੰ ਆਕਰਸ਼ਤ ਕੀਤਾ ਜਾ ਸਕੇ, ਓਨਟੇਰੀਓ ਦੇ ਮਹੱਤਵਪੂਰਨ ਖੇਤਰਾਂ ਨੂੰ ਮਜ਼ਬੂਤ ਬਣਾਇਆ ਜਾ ਸਕੇ ਅਤੇ ਭਵਿੱਖ ਵਿੱਚ ਸੂਬੇ ਦੇ ਆਰਥਿਕ ਵਿਕਾਸ ਵਿੱਚ ਮਦਦ ਕੀਤੀ ਜਾ ਸਕੇ।
- ਛੋਟੇ ਕਾਰੋਬਾਰਾਂ ਨੂੰ ਊਰਜਾ ਦੀ ਬਚਤ ਕਰਨ, ਖ਼ਰਚੇ ਕਾਬੂ ਕਰਨ ਅਤੇ ਪੈਸੇ ਬਚਾਉਣ ਲਈ ਲੋੜੀਂਦੇ ਸਾਧਨ ਮੁਹੱਈਆ ਕਰਨਾ।
- ਵੱਡੇ ਕਾਰੋਬਾਰਾਂ ਨੂੰ ਉਨ੍ਹਾਂ ਦੇ ਬਿਜਲੀ ਦੇ ਖ਼ਰਚਿਆਂ ਦੇ ਮਾਮਲੇ ਵਿੱਚ ਮਦਦ ਕਰਨੀ।
- ਤੇਜ਼ੀ ਨਾਲ ਵੱਧ ਰਹੀਆਂ ਨਵੀਂਆਂ ਮਾਰਕੀਟਾਂ ਲਈ ਓਨਟੇਰੀਓ ਦੀ ਬਰਾਮਦ ਲਈ ਪਹੁੰਚ ਵਧਾਉਣੀ ਤਾਂ ਜੋ ਬਹੁਤ ਸਾਰੇ ਛੋਟੇ ਅਤੇ ਦਰਮਿਆਨੇ ਆਕਾਰ ਦੇ ਕਾਰੋਬਾਰਾਂ ਦੇ ਵਾਧੇ ਲਈ ਅਤੇ ਨਵੀਆਂ ਨੌਕਰੀਆਂ ਪੈਦਾ ਕਰਨ ਵਿੱਚ ਮਦਦ ਹੋ ਸਕੇ।

# ਟ੍ਰਾਂਸਪੋਰਟੇਸ਼ਨ ਅਤੇ ਬੁਨਿਆਂਦੀ ਢਾਂਚੇ ਵਿੱਚ ਨਿਵੇਸ਼




ਓਨਟੇਰੀਓ ਦੀ ਆਬਾਦੀ ਵਿੱਚ ਅੰਦਾਜ਼ਨ ਵਾਧੇ ਨਾਲ ਹਰ ਤਰ੍ਹਾਂ ਦੀਆਂ ਬੁਨਿਆਦੀ ਸਹੂਲਤਾਂ ਦੀ ਮੰਗ ਵਿੱਚ ਕਾਫ਼ੀ ਵਾਧਾ ਹੋਵੇਗਾ। ਇਸ ਕਰਕੇ ਸੂਬਾ ਅਗਲੇ 10 ਸਾਲਾਂ ਵਿੱਚ ਬੁਨਿਆਦੀ ਜਨਤਕ ਲੋੜਾਂ ਵਿੱਚ $130 ਬਿਲੀਅਨ ਤੋਂ ਵੱਧ ਨਿਵੇਸ਼ ਕਰਨ ਦੀ ਵਿਓਂਤ ਬਣਾ ਰਿਹਾ ਹੈ, ਜਿਸ ਵਿੱਚ ਸ਼ਾਮਲ ਹਨ:

- ਅਗਲੇ 10 ਸਾਲਾਂ ਵਿੱਚ ਪੂਰੇ ਸੂਬੇ ਵਿੱਚ ਟ੍ਰਾਂਸਪੋਰਟੇਸ਼ਨ ਦੀਆਂ ਬੁਨਿਆਦੀ ਸਹੂਲਤਾਂ ਨਿਮਿੱਤ ਫੰਡਿੰਗ ਤਾਂ ਜੋ ਇਸਦੇ ਲਈ ਤਕਰੀਬਨ $29 ਬਿਲੀਅਨ ਮੁਹੱਈਆ ਕੀਤੇ ਜਾ ਸਕਣ।
- ਪੂਰੇ ਸੂਬੇ ਵਿੱਚ ਹਾਈਵੇ ਵਿੱਚ ਸੁਧਾਰ ਲਈ ਅਤੇ ਉਨ੍ਹਾਂ ਦੇ ਪਸਾਰ ਪ੍ਰੋਜੈਕਟਾਂ ਲਈ 2014-15 ਵਿੱਚ ਕੁੱਲ $2.5 ਬਿਲੀਅਨ ਨਿਵੇਸ਼ ਕਰਨਾ।
- ਇੱਕ ਨਵੇਂ ਸਥਾਈ $100 ਮਿਲੀਅਨ ਫੰਡ ਰਾਹੀਂ ਮਿਊਂਸਪਲ ਸੜ੍ਹਕਾਂ ਅਤੇ ਪੁਲਾਂ ਲਈ ਮਦਦ ਕਰਨੀ।

# ਓਨਟੇਰੀਓ ਵਾਸੀਆਂ ਦੀ ਰਿਟਾਇਰਮੈਂਟ ਸੁਰੱਖਿਅਤ ਬਣਾਉਣਾ




ਓਨਟੇਰੀਓ ਵਾਸੀਆਂ, ਖਾਸ ਤੌਰ ‘ਤੇ ਦਰਮਿਆਨੀ ਆਮਦਨੀ ਵਾਲੇ ਲੋਕਾਂ ਨੂੰ ਉਨ੍ਹਾਂ ਦੇ ਰਿਟਾਇਰ ਹੋਣ ‘ਤੇ ਜ਼ਿਆਦਾ ਸੁਰੱਖਿਅਤ ਮਹਿਸੂਸ ਕਰਨ ਵਿੱਚ ਮਦਦ ਲਈ, 2014 ਦਾ ਓਨਟੇਰੀਓ ਬਜਟ ਆਪਣੀ ਤਰ੍ਹਾਂ ਦਾ ਪਹਿਲਾ ਸੂਬਾਈ ਪੈਨਸ਼ਨ ਪਲੈਨ ਦੀ ਤਜਵੀਜ਼ ਲੈ ਕੇ ਆਇਆ ਹੈ ਜੋ ਕਨੇਡਾ ਪੈਨਸ਼ਨ ਪਲੈਨ (CPP) ‘ਤੇ ਉਸਾਰਿਆ ਗਿਆ ਹੈ।.

ਕਨੇਡਾ ਪੈਨਸ਼ਨ ਪਲੈਨ (CPP) ਦੇ ਪਸਾਰ ਨਾਲ ਲੰਮੀ ਮਿਆਦ ਦੇ ਆਰਥਿਕ ਲਾਭ ਹੋਣਗੇ ਕਿਉਂਕਿ ਅਰਥ ਵਿਵਸਥਾ ਦਾ ਵਿਕਾਸ ਹੋਵੇਗਾ, ਨਵੀਆਂ ਨੌਕਰੀਆਂ ਨਿਕਲਣਗੀਆਂ ਅਤੇ ਨਾਲ ਹੀ ਕੰਮਾਂ-ਕਾਰਾਂ ‘ਤੇ ਲੱਗੇ ਸਾਰੇ ਕਨੇਡਾ ਵਾਸੀਆਂ ਲਈ ਰਿਟਾਇਰਮੈਂਟ ਜ਼ਿਆਦਾ ਸੁਰੱਖਿਅਤ ਹੋਵੇਗੀ। ਜੇ ਫੈਡਰਲ ਸਰਕਾਰ ਕਨੇਡਾ ਪੈਨਸ਼ਨ ਪਲੈਨ (CPP) ਦੇ ਪਸਾਰ ਬਾਰੇ ਚਰਚਾ ਨੂੰ ਬੰਦ ਕਰਨ ਦਾ ਫੈਸਲਾ ਦਿੰਦੀ ਹੈ, ਤਾਂ ਓਨਟੇਰੀਓ ਆਪਣਾ ‘ਮੇਡ-ਇਨ-ਓਨਟੇਰੀਓ’ ਉਪਾਅ -- ਓਨਟੇਰੀਓ ਰਿਟਾਇਰਮੈਂਟ ਪੈਨਸ਼ਨ ਪਲੈਨ (ORPP) -- ਤਿਆਰ ਕਰ ਰਿਹਾ ਹੋਏਗਾ।

ਓਨਟੇਰੀਓ ਰਿਟਾਇਰਮੈਂਟ ਪੈਨਸ਼ਨ ਪਲੈਨ (ORPP) ਵਿੱਚ ਸ਼ਾਮਲ ਹੋਏਗਾ:

- ਕਨੇਡਾ ਪੈਨਸ਼ਨ ਪਲੈਨ (CPP) ਦੀਆਂ ਮੁੱਖ ਵਿਸ਼ੇਸ਼ਤਾਵਾਂ ਨੂੰ ਉਸਾਰਨਾ, ਇਸ ਵਿੱਚ ਰਿਟਾਇਰਮੈਂਟ ਵਿੱਚ ਪੇਸ਼ੀਨਗੋਈ ਯੋਗ ਮਾਸਿਕ ਬੈਨਿਫਿਟ ਵੀ ਸ਼ਾਮਲ ਹੈ, ਜੋ ਮਾਇਕ ਪਸਾਰ ਦੇ ਸੂਚਕ-ਅੰਕ ‘ਤੇ ਅਧਾਰਿਤ ਹੋਵੇਗਾ ਅਤੇ ਉਮਰ ਭਰ ਮਿਲੇਗਾ।
- ਯੋਗਦਾਨ ਦੀਆਂ ਦਰਾਂ ਘੱਟ ਰੱਖਦੇ ਹੋਏ ਰਿਟਾਇਰਮੈਂਟ ਬਚਤਾਂ ਨੂੰ ਵਧਾਉਣਾ।
- ਇਹ ਪਲੈਨ 2017 ਵਿੱਚ ਚਾਲੂ ਹੋਵੇਗਾ ਅਤੇ ਸ਼ੁਰੂ ਵਿੱਚ ਵੱਡੇ ਨੌਕਰੀਦਾਤਾਵਾਂ ‘ਤੇ ਲਾਗੂ ਹੋਣ ਨਾਲ ਯੋਗਦਾਨ ਦੋ ਸਾਲਾਂ ਤੋਂ ਵੱਧ ਸਮੇਂ ਵਿੱਚ ਪੜਾਵਾਂ ਵਿੱਚ ਦਿੱਤੇ ਜਾਣਗੇ।
- ਇਸ ਵਿੱਚ ਕਵਰ ਹੋਣ ਵਾਲਾ ਆਮਦਨੀ ਦਾ ਪੱਧਰ ਕਨੇਡਾ ਪੈਨਸ਼ਨ ਪਲੈਨ (CPP) ਵਿੱਚ ਮੌਜੂਦਾ ਪੱਧਰ ਨਾਲੋਂ ਉੱਚਾ ਹੋਵੇਗਾ।

## ਊਰਜਾ ਦੇ ਖ਼ਰਚੇ ਘੱਟ ਕਰਨੇ

ਸਰਕਾਰ ਓਨਟੇਰੀਓ ਵਾਸੀਆਂ ਦੇ ਊਰਜਾ (ਐਨਰਜੀ) ਦੇ ਖ਼ਰਚੇ ਘੱਟ ਕਰਨ ਵਿੱਚ ਮਦਦ ਕਰ ਰਹੀ ਹੈ ਜਿਸ ਵਿੱਚ ਸ਼ਾਮਲ ਹਨ:

- ਵਿਵਸਥਾ ਵਿੱਚ ਪਿਛਲੇ 18 ਮਹੀਨਿਆਂ ਤੋਂ ਖ਼ਰਚੇ ਘੱਟਾਉਣੇ, ਨਹੀਂ ਤਾਂ ਅਗਲੇ ਪੰਜ ਸਾਲਾਂ ਵਿੱਚ ਲੋਕਾਂ ਨੂੰ ਤਕਰੀਬਨ $520 ਤਕ ਅਦਾ ਕਰਨੇ ਪੈਣੇ ਸਨ।
- ਦਸੰਬਰ 31, 2015 ਦੇ ਬਾਅਦ ਰਿਹਾਇਸ਼ੀ ਖਪਤਕਾਰਾਂ ਦੇ ਬਿਜਲੀ ਦੇ ਬਿਲਾਂ 'ਚੋਂ ਕਰਜ਼ਾ ਰਿਟਾਇਰਮੈਂਟ ਚਾਰਜ (Debt Retirement Charge) ਦਾ ਖ਼ਰਚਾ ਹਟਾਉਣ ਦੀ ਤਜਵੀਜ਼ ਹੈ ਜਿਸ ਨਾਲ ਇੱਕ ਸਧਾਰਨ ਰਿਹਾਇਸ਼ੀ ਰੇਟਪੇਅਰ ਨੂੰ ਸਾਲ ਵਿੱਚ ਤਕਰੀਬਨ $70 ਦੀ ਬਚਤ ਹੋਵੇਗੀ।

## ਨਿਆਂਪੂਰਨ ਸਮਾਜ ਦੀ ਉਸਾਰੀ

ਸਾਰੇ ਓਨਟੇਰੀਓ ਵਾਸੀਆਂ ਨੂੰ ਮਦਦ ਦੇ ਮੌਕੇ ਮੁਹੱਈਆ ਕਰਨ ਲਈ ਸਰਕਾਰ ਦੀ ਪਹਿਲ-ਕਦਮੀਆਂ ਵਿੱਚ ਸ਼ਾਮਲ ਹਨ:

- ਓਨਟੇਰੀਓ ਚਾਈਲਡ ਬੈਨਿਫਿਟ (Ontario Child Benefit) ਨੂੰ ਵਧਾਉਣਾ ਅਤੇ ਇੰਡੈਕਸ ਕਰਨ ਦੀ ਤਜਵੀਜ਼।
- ਰੇਟ ਵਿੱਚ ਵਾਧੇ ਰਾਹੀਂ ਅਤੇ ਇੰਪਲਾਇਮੈਂਟ ਬੈਨਿਫਿਟਾਂ ਨੂੰ ਸੁਗਠਿਤ ਕਰਕੇ ਸਮਾਜਕ ਸਹਾਇਤਾ ਵਿਵਸਥਾ ਵਿੱਚ ਸੁਧਾਰ ਜਾਰੀ ਰੱਖਣੇ।
- ਵਿਦਿਆਰਥੀ ਖੁਰਾਕ ਪ੍ਰੋਗਰਾਮ (Student Nutrition Program) ਦਾ ਪਸਾਰ ਕਰਨਾ ਤਾਂ ਜੋ ਆਂਢ-ਗੁਆਂਢ ਦੇ ਘੱਟ ਆਮਦਨ ਵਾਲਿਆਂ ਦੇ ਅਤੇ ਫਸਟ ਨੇਸ਼ਨ ਰਿਜ਼ਰਵਾਂ ਦੇ ਜ਼ਿਆਦਾ ਬੱਚੇ ਸ਼ਾਮਲ ਹੋ ਸਕਣ।
- ਘੱਟੋ ਘੱਟ ਉਜਰਤ ਵਧਾ ਕੇ $11 ਕਰਨੀ ਅਤੇ ਇਸ ਨੂੰ ਮਾਇਕ ਪਸਾਰ ਦੀ ਦਰ ਨਾਲ ਜੋੜਨ ਦੀ ਤਜਵੀਜ਼ ਹੈ ਤਾਂ ਜੋ ਘੱਟ ਆਮਦਨ ਵਾਲੇ ਵਰਕਰਾਂ ਨਾਲ ਨਿਆਂ ਹੋਵੇ ਅਤੇ ਕਾਰੋਬਾਰਾਂ ਲਈ ਪੇਸ਼ੀਨਗੋਈ ਹੋ ਸਕੇ।
- ਅਪਾਹਜਤਾ ਵਧਣ ਵਾਲੇ ਬਾਲਗਾਂ ਵਾਸਤੇ ਅਤੇ ਕਮਿਊਨਿਟੀ ਸਰਵਿਸਿਜ਼ ਸੈਕਟਰਾਂ ਵਿੱਚ ਫਰੰਟ ਲਾਈਨ ਵਰਕਰਾਂ ਲਈ ਸਹਾਇਤਾ ਵਧਾਉਣੀ।
- ਜਨਤਕ ਫੰਡਿੰਗ ਵਾਲੇ ਘਰਾਂ ਅਤੇ ਕਮਿਊਨਿਟੀ ਦੇਖਭਾਲ ਸੈਕਟਰ ਵਿੱਚ ਨਿਜੀ ਸਹਾਇਤਾ ਵਰਕਰਾਂ ਲਈ ਅਤੇ ਫਰੰਟ ਲਾਈਨ ਚਾਈਲਡ ਕੇਅਰ ਵਰਕਰਾਂ ਲਈ ਉਜਰਤ ਵਧਾਉਣ ਲਈ ਮਦਦ ਕਰਨੀ।

## ਫੈਡਰਲ ਸਰਕਾਰ ਤੋਂ ਨਿਰਪੱਖਤਾ ਦੀ ਮੰਗ ਕਰਨੀ

ਹਰ ਸਾਲ, ਓਨਟੇਰੀਓ ਵਿੱਚ ਇਕੱਠੇ ਕੀਤੇ ਗਏ ਫੈਡਰਲ ਮਾਲੀਏ ਦਾ ਹਿੱਸਾ ਓਨਟੇਰੀਓ ਵਿੱਚ ਫੈਡਰਲ ਖ਼ਰਚੇ ਦੇ ਹਿੱਸੇ ਨਾਲੋਂ ਵੱਧ ਹੁੰਦਾ ਹੈ। ਨਤੀਜੇ ਵਜੋਂ ਓਨਟੇਰੀਓ ਦੇ ਲੋਕਾਂ ਵੱਲੋਂ ਕੀਤੇ ਗਏ ਭੁਗਤਾਨਾਂ ਅਤੇ ਫੈਡਰਲ ਸਰਕਾਰ ਵਲੋਂ ਮਿਲੀਆਂ ਰਕਮਾਂ ਵਿੱਚਕਾਰ $11 ਬਿਲੀਅਨ ਦਾ ਫਰਕ ਹੁੰਦਾ ਹੈ।

ਓਨਟੇਰੀਓ ਸਰਕਾਰ ਫੈਡਰਲ ਸਰਕਾਰ ਕੋਲੋਂ ਮੰਗ ਕਰਦੀ ਹੈ ਕਿ:

- ਓਨਟੇਰੀਓ ਵਾਸੀਆਂ ਨਾਲ ਉਸੇ ਤਰ੍ਹਾਂ ਦਾ ਵਤੀਰਾ ਕੀਤਾ ਜਾਏ ਜੋ ਦੂਜੇ ਸੂਬਿਆਂ ਦੇ ਵਾਸੀਆਂ ਨਾਲ ਕੀਤਾ ਜਾਂਦਾ ਹੈ।
- ਓਨਟੇਰੀਓ ਨੂੰ 2014-15 ਵਿੱਚ ਵੱਡੇ ਟ੍ਰਾਂਸਫਰਾਂ ਵਿੱਚ $641 ਮਿਲੀਅਨ ਦੀ ਗਿਰਾਵਟ ਤੋਂ ਬਚਾਇਆ ਜਾਏ, ਜਿਵੇਂ ਇਸਨੇ ਗੁਜਰੇ ਸਮੇਂ ਵਿੱਚ ਦੂਜੇ ਸੂਬਿਆਂ ਨਾਲ ਕੀਤਾ ਹੈ,
- ਬੁਨਿਆਦੀ ਢਾਂਚੇ ਦੀ ਫੰਡਿੰਗ ਵਿੱਚ ਵੱਡਾ ਵਾਧਾ ਕੀਤਾ ਜਾਏ, ਜਿਸ ਵਿੱਚ 'ਰਿੰਗ ਆਫ ਫਾਇਰ' ਲਈ ਬੁਨਿਆਦੀ ਸਹੂਲਤਾਂ ਦੇ ਵਿਕਾਸ ਲਈ ਓਨਟੇਰੀਓ ਦੀ $1 ਬਿਲੀਅਨ ਦੀ ਵਚਨਬੱਧਤਾ ਨੂੰ ਮੈਚ ਕਰਨਾ ਸ਼ਾਮਲ ਹੈ।

## ਜ਼ਿੰਮੇਵਾਰੀ ਨਾਲ ਪ੍ਰਬੰਧ ਕਰਨਾ

ਓਨਟੇਰੀਓ ਦਾ ਪ੍ਰਤੀ ਵਿਅਕਤੀ ਪ੍ਰੋਗਰਾਮ 'ਤੇ ਖਰਚਾ ਬਾਕੀ ਸੂਬਿਆਂ ਦੇ ਮੁਕਾਬਲੇ ਸਭ ਤੋਂ ਘੱਟ ਹੈ, ਬਾਵਜੂਦ ਇਸਦੇ ਉੱਚ ਦਰਜੇ ਦੀਆਂ ਜਨਤਕ ਸੇਵਾਵਾਂ ਮੁਹੱਈਆ ਕੀਤੀਆਂ ਜਾ ਰਹੀਆਂ ਹਨ। ਸਰਕਾਰ ਫਜ਼ੂਲ ਖ਼ਰਚੀ ਨੂੰ ਖ਼ਤਮ ਕਰ ਰਹੀ ਹੈ, ਤਰਜੀਹਾਂ ਵੱਲ ਧਿਆਨ ਦੇ ਰਹੀ ਹੈ ਅਤੇ ਇਹ ਯਕੀਨੀ ਬਣਾਇਆ ਜਾ ਰਿਹਾ ਹੈ ਕਿ ਹਰ ਡਾਲਰ ਨੂੰ ਸੋਚ ਸਮਝ ਕੇ ਖ਼ਰਚ ਕੀਤਾ ਜਾਏ।

ਅਗਾਂਹ ਵਧਦੇ ਹੋਏ, ਸਰਕਾਰ;

- 2014-15 ਵਿੱਚ $250 ਮਿਲੀਅਨ ਅਤੇ 2015-16 ਅਤੇ 2016-17 ਵਿੱਚ ਹਰ ਸਾਲ $500 ਮਿਲੀਅਨ ਟੀਚੇ ਦੀ ਬਚਤ ਦਾ ਸਾਲਾਨਾ ਸਮੀਖਿਆ ਪ੍ਰੋਗਰਾਮ ਸ਼ੁਰੂ ਕਰੇਗੀ।
- ਜਦ ਤਕ ਬਜਟ ਸੰਤੁਲਤ ਨਾ ਹੋ ਜਾਏ ਸੂਬਾਈ ਪਾਰਲੀਮੈਂਟ ਦੇ ਮੈਂਬਰਾਂ ਦੀਆਂ ਤਨਖਾਹਾਂ ਫਰੀਜ਼ ਰੱਖਣਾ ਜਾਰੀ ਰੱਖੇਗੀ।
- ਵਿਆਪਕ ਪਬਲਿਕ ਸੈਕਟਰ ਵਿੱਚ ਸੀਨੀਅਰ ਕਾਰਜਕਾਰੀਆਂ ਦੇ ਮੁਆਵਜ਼ੇ 'ਤੇ ਸਿੱਧਾ ਕੰਟਰੋਲ ਕਰੇਗੀ, ਬਸ਼ਰਤੇ ਕਿ ਇਸ ਬਾਰੇ ਕਾਨੂੰਨ ਪਾਸ ਹੋ ਜਾਏ।
- ਤਿੰਨ ਸਾਲਾਂ ਤਕ ਪ੍ਰੋਗਰਾਮ ਖ਼ਰਚੇ ਵਿੱਚ ਔਸਤ ਸਾਲਾਨਾ ਵਾਧੇ ਨੂੰ 1.1 ਪ੍ਰਤੀਸ਼ਤ 'ਤੇ ਬਰਕਰਾਰ ਰੱਖੇਗੀ।

# 2014

# ਓਨਟੇਰੀਓ

# ਬਜਟ

ਵਧੇਰੇ ਜਾਣਕਾਰੀ ਹਾਸਲ ਕਰੋ:

**ONTARIO.CA/BUDGET**

ਟੋਲ ਫ੍ਰੀ: 1-800-337-7222

ਟੀ.ਟੀ.ਵਾਈ. ਟੋਲ ਫ੍ਰੀ: 1-800-263-7776

© ਕੁਈਨਜ਼ ਪ੍ਰਿੰਟਰ ਫਾਰ ਓਨਟੇਰੀਓ, 2014